# ADVERTISEMENT
# Last Date to Apply 10.12.2023

ਸਾਲ 2023-24 ਲਈ ਰਿਜਨਲ ਕੈਂਪਸ, ਜਲੰਧਰ ਵਿਖੇ ਖਾਲੀ ਦੁਕਾਨ ਦਾ ਵੇਰਵਾ

| ਲੜੀ ਨੰ. | ਸਥਾਨ | ਨਾਮ | ਮੈੱਸ/ਕੰਟੀਨ/ਦੁਕਾਨ | ਗਿਣਤੀ |
|---|---|---|---|---|
| 1. | ਰਿਜਨਲ ਕੈਂਪਸ, ਜਲੰਧਰ | ਫੋਟੋਸਟੇਟ ਸ਼ਾਪ | ਦੁਕਾਨ | 01 |

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

## ਰਿਜਨਲ ਕੈਂਪਸ, ਜਲੰਧਰ ਦੇ ਫੋਟੋਸਟੇਟ ਸ਼ਾਪ ਲਈ ਫਾਰਮ/ਬਿਨੈ-ਪੱਤਰ

ਬਿਨੈਕਾਰ ਦੀ ਫੋਟੋ

1) ਬਿਨੈਕਾਰ ਦਾ ਨਾਮ : ____________________

2) ਪਿਤਾ ਦਾ ਨਾਮ : ____________________

3) ਉਮਰ : ____________________

4) ਘਰ ਦਾ ਪਤਾ : ____________________

____________________

5) ਮੋਬਾਇਲ/ਟੈਲੀਫੋਨ ਨੰ. : ____________________

6) ਵਿਦਿਅਕ ਜਾਂ ਕਿਸੇ ਹੋਰ ਸੰਸਥਾ/ਕਾਲਜ/ਯੂਨੀਵਰਸਿਟੀ ਆਦਿ ਵਿਚ ਕੰਟੀਨ/ਦੁਕਾਨ ਚਲਾਉਣ ਦਾ ਤਜ਼ਰਬਾ:

| ਕ੍ਰਮ ਨੰ. | ਸੰਸਥਾ ਦਾ ਨਾਮ | ਸਮਾਂ | |
|---|---|---|---|
| | | ਕਦੋਂ ਤੋਂ | ਕਦੋਂ ਤੱਕ |
| | | | |
| | | | |
| | | | |

ਨੋਟ:- Experience Certificate ਨਾਲ ਨੱਥੀ ਕੀਤਾ ਜਾਵੇ।

7) ਕਿਸ ਕੈਂਪਸ ਦੇ ਕਿਹੜੇ ਹੋਸਟਲ ਦੀ ਕਿਹੜੀ ਕੰਟੀਨ/ਦੁਕਾਨ ਲੈਣ ਦੇ ਚਾਹਵਾਨ ਹੋ?

____________________________________________

8) ਕਿੰਨੀ License Fee/Financial Bid ਭਰਨ ਲਈ ਤਿਆਰ ਹੋ? : ____________________

9) **ਫਾਰਮ ਦੀ ਕੀਮਤ ਦਾ ਵੇਰਵਾ:-**
ਰਸੀਦ ਨੰਬਰ ____________ ਮਿਤੀ ____________

10) **ਜਮਾਨਤੀ ਰਕਮ ਦਾ ਵੇਰਵਾ:-**
ਡਰਾਫਟ ਨੰ. __________ ਰਕਮ ____________ ਮਿਤੀ __________

ਮੈਂ ਇਹ ਬਿਆਨ ਕਰਦਾ ਹਾ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੈ।

*ਬਿਨੈਕਾਰ ਦੇ ਹਸਤਾਖਰ*

**ਫਾਰਮ ਦੀ ਕੀਮਤ 2,000/-ਰੁਪਏ**

**<u>ਸੈਸ਼ਨ 2023-2024 ਲਈ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਦੇ ਹੋਸਟਲਾਂ ਦੀਆਂ ਦੁਕਾਨਾਂ ਦੀ ਅਲਾਟਮੈਂਟ ਸਬੰਧੀ ਸ਼ਰਤਾਂ</u>**

**<u>ਬਿਨੈਕਾਰਾਂ ਨੂੰ ਬੇਨਤੀ ਹੈ ਕਿ ਅਪਲਾਈ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਬਿਨੈਪੱਤਰ ਕੈਂਸਲ/ਰਿਜੈਕਟ ਨਾ ਹੋਵੇ</u>**

1. ਦੁਕਾਨਾਂ ਦੀ ਅਲਾਟਮੈਂਟ ਲਈ ਉਹ ਹੀ ਬਿਨੈਕਾਰ ਅਪਲਾਈ ਕਰ ਸਕਦੇ ਹਨ ਜਿਨ੍ਹਾਂ ਨੂੰ *ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar blacklist ਕੀਤਾ ਗਿਆ ਹੋਵੇ* ਅਤੇ ਜਿਨ੍ਹਾਂ ਕੋਲ ਕਿਸੇ ਸੰਸਥਾਂ/ਕਾਲਜ/ਯੂਨੀਵਰਸਿਟੀ ਵਿਖੇ ਕੰਮ ਕਰਨ ਦਾ ਘੱਟੋ-ਘੱਟ 3 ਸਾਲ ਦਾ Experience ਹੋਵੇ । Experience Certificate ਅਤੇ Residence Proof (Adhaar Card) ਦੀ ਪਰਤ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
2. ਜਿਸ ਬਿਨੈਕਾਰ ਵੱਲੋਂ ਵੀ ਦੁਕਾਨ ਲਈ ਅਲਪਾਈ ਕੀਤਾ ਜਾ ਰਿਹਾ ਹੈ ਉਸ ਬਿਨੈਕਾਰ ਦਾ Covid-19 Vaccinated ਹੋਣਾ ਜਰੂਰੀ ਹੈ ਇਸ ਲਈ ਅਪਲਾਈ ਕਰਨ ਸਮੇਂ ਉਸ ਵੱਲੋਂ ਆਪਣਾ Vaccination Certificate ਬਿਨੈ-ਪੱਤਰ ਦੇ ਨਾਲ ਨੱਥੀ ਕਰਨਾ ਜਰੂਰੀ ਹੋਵੇਗਾ।
3. ਦੁਕਾਨਾਂ ਦੀ ਅਲਾਟਮੈਂਟ ਸਬੰਧੀ ਕੋਰੀਜੰਡਮ ਯੂਨੀਵਰਸਿਟੀ ਵੈਬਸਾਈਟ ਤੇ ਅਪਲੋਡ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਫਾਰਮ/ਬਿਨੈ ਪੱਤਰ ਸੀਲਡ ਲਿਫਾਫੇ ਵਿਚ **ਡੀਨ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ** ਦੇ ਪਤੇ ਤੇ **ਰਜਿਸਟਰਡ ਪੋਸਟ/ਸਪੀਡ ਪੋਸਟ** ਰਾਹੀਂ ਭੇਜਿਆ ਜਾਵੇ ਜਿਸ ਉੱਪਰ ਮੋਟੇ ਅੱਖਰਾਂ ਵਿੱਚ "Application for the Allotment of Shop *(ਜਿਸ ਲਈ ਵੀ ਅਪਲਾਈ ਕੀਤਾ ਹੋਵੇ)* ਲਿਖਿਆ ਹੋਵੇ।
4. ਇਕ ਤੋਂ ਵੱਧ ਦੁਕਾਨਾਂ ਵਾਸਤੇ ਵੱਖ-ਵੱਖ ਫਾਰਮ/ਬਿਨੈ-ਪੱਤਰ ਰਾਹੀਂ ਅਪਲਾਈ ਕਰਨਾ ਪਵੇਗਾ। ਨਿਰਧਾਰਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਬਿਨੈ-ਪੱਤਰ ਵਿਚਾਰੇ ਨਹੀ ਜਾਣਗੇ।
5. ਦੁਕਾਨ ਦੀ ਮੁਢਲੀ ਅਲਾਟਮੈਂਟ ਸੈਸ਼ਨ 2023-24 ਲਈ ਇਕ ਸਾਲ ਲਈ ਭਾਵ **ਮਿਤੀ 30.06.2024** ਕੀਤੀ ਜਾਵੇਗੀ।
6. ਫਾਰਮ/ਬਿਨੈ ਪੱਤਰ ਦੀ ਕੀਮਤ 2,000/- ਰੁਪਏ ਯੂਨੀਵਰਸਿਟੀ ਕੈਸ਼ੀਅਰ ਪਾਸ ਜਮਾਂ ਕਰਵਾਈ ਜਾਵੇਗੀ ।
7. ਜੇਕਰ ਕਿਸੇ ਕਾਰਨ ਕਰਕੇ ਕਿਸੇ ਦੁਕਾਨ ਦੀ ਅਲਾਟਮੈਂਟ ਰਹਿ ਜਾਂਦੀ ਹੈ ਤਾਂ ਮੁੜ ਇਸ਼ਤਿਹਾਰ ਦੇਣ ਦੀ ਬਜਾਏ ਉਸ ਦੀ ਮੁੜ ਅਲਾਟਮੈਂਟ ਜਾ ਕਿਸੇ ਪ੍ਰਕਾਰ ਦੀ ਸੂਚਨਾ ਜਾਰੀ ਕਰਨ ਸਬੰਧੀ Corrigendum ਯੂਨੀਵਰਸਿਟੀ ਵੈਬਸਾਈਟ ਤੇ ਅਪਲੋਡ ਕਰਨ ਦਾ ਅਧਿਕਾਰ ਵੀ ਯੂਨੀਵਰਸਿਟੀ ਪਾਸ ਹੋਵੇਗਾ।
8. ਦੁਕਾਨ ਲਈ ਬਿਨੈਕਾਰ ਵੱਲੋਂ ਆਪਣੇ ਬਿਨੈ ਪੱਤਰ ਵਿੱਚ ਜਿੰਨੀ Licence Fee/Financial Bid ਭਰੀ ਜਾਵੇਗੀ ਉਸ ਦੇ ਤਿੰਨ ਗੁਣਾ ਰਾਸ਼ੀ ਦਾ Demand Draft ਜੋ ਕਿ Registrar, Guru Nanak Dev University, Amritsar ਦੇ ਨਾਮ ਤੇ ਹੋਵੇ ਆਪਣੇ ਬਿਨੈ ਪੱਤਰ ਦੇ ਨਾਲ ਹੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਦੀ ਰਾਸ਼ੀ ਸਫਲ ਉਮੀਦਵਾਰ ਦੀ ਜਮਾਨਤੀ ਰਕਮ ਵਿੱਚ ਐਡਜਸਟ ਕਰ ਦਿੱਤੀ ਜਾਵੇਗੀ (*ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਬਿਨ੍ਹਾਂ ਵਿਆਜ ਵਾਪਸੀ ਯੋਗ ਹੋਵੇਗੀ*) ਅਤੇ ਬਾਕੀ ਉਮੀਦਵਾਰਾਂ ਨੂੰ Demand Draft ਵਾਪਿਸ ਕਰ ਦਿੱਤਾ ਜਾਵੇਗਾ ।
9. ਦੁਕਾਨ ਲਈ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿੱਚੋਂ **ਜਿਸ ਯੋਗ ਬਿਨੈਕਾਰ ਵੱਲੋਂ ਸਭ ਤੋਂ ਜ਼ਿਆਦਾ** Licence Fees/Financial Bid ਭਰੀ ਹੋਵੇਗੀ ਉਸ ਬਿਨੈਕਾਰ ਨੂੰ ਹੀ ਇੰਟਰਵਿਊ ਲਈ ਬੁਲਾਉਣ ਉਪਰੰਤ ਅਲਾਟਮੈਂਟ ਕੀਤੀ ਜਾਵੇਗੀ। ਜੇਕਰ ਬਿਨੈਕਾਰ ਇੰਟਰਵਿਊ ਵਿੱਚ ਹਾਜ਼ਰ ਨਹੀਂ ਹੁੰਦਾ (ਜੋ ਕਿ ਬਿਨੈਕਾਰ ਨੂੰ ਅਪੀਅਰ ਹੋਣਾ Mandatory ਹੈ), ਤਾਂ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ ਅਤੇ ਜੇਕਰ ਇੰਟਰਵਿਊ ਵਿੱਚ ਹਾਜ਼ਰ ਹੋਏ ਯੋਗ ਬਿਨੈਕਾਰ ਵੱਲੋਂ ਜੇਕਰ ਇਕ ਹਫਤੇ ਦੇ ਅੰਦਰ-ਅੰਦਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਇਨ੍ਹਾਂ ਹਾਲਾਤਾਂ ਵਿੱਚ ਵੀ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ । ਇਸ ਉਪਰੰਤ Waiting List ਵਿੱਚੋਂ ਅਗਲੇ ਯੋਗ ਬਿਨੈਕਾਰ ਨੂੰ ਉਸ ਵੱਲੋਂ ਦਿੱਤੀ ਗਈ Licence Fees/ Financial Bid ਦੇ ਆਧਾਰ ਤੇ ਹੀ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ ਅਤੇ ਜੇਕਰ ਅਗਲੇ ਯੋਗ ਬਿਨੈਕਾਰ ਵੱਲੋਂ ਵੀ ਉਕਤ ਅਨੁਸਾਰ ਲੋੜੀਂਦੀ ਕਾਰਵਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਲਈ ਵੀ ਉਕਤ ਨਿਯਮ ਹੀ ਲਾਗੂ ਹੋਣਗੇ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਭਵਿੱਖ ਵਿੱਚ ਯੂਨੀਵਰਸਿਟੀ ਹੋਸਟਲ ਵਿਖੇ ਕਿਸੇ ਮੈੱਸ/ਕੰਟੀਨ/ਦੁਕਾਨ ਆਦਿ ਲਈ ਅਪਲਾਈ ਕਰਨ ਤੋਂ debar ਕੀਤਾ ਜਾਵੇਗਾ।
10. ਬਿਨੈਕਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਆਪਣੇ ਮੋਬਾਇਲ ਨੰਬਰ ਅਤੇ E-mail ID ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਊ ਸਬੰਧੀ ਦਫਤਰ ਵੱਲੋਂ ਮੋਬਾਇਲ ਕਾਲ, SMS ਅਤੇ ਉਸ ਵੱਲੋਂ ਦਿੱਤੀ ਗਈ E-mail ID ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਅਤੇ E-mail ID ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਊ ਰਹਿ ਜਾਂਦੀ ਹੈ ਤਾਂ ਉਸ ਦੀ ਜਿੰਮਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ।
11. ਦੁਕਾਨ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਦੁਕਾਨ ਨਿਰਧਾਰਿਤ ਮਿਤੀ ਤੋਂ ਪਹਿਲਾਂ ਛੱਡਣੀ ਚਾਹੇ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 ਮਹੀਨੇ ਦਾ ਅਗਾਊਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ ਅਤੇ ਜੇਕਰ ਉਸ ਵੱਲੋਂ ਅਗਾਊਂ ਨੋਟਿਸ ਦੇਣ ਤੋਂ ਬਗੈਰ ਦੁਕਾਨ ਛੱਡੀ ਜਾਂਦੀ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ ।
12. ਦੁਕਾਨ ਦਾ ਠੇਕੇਦਾਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਕਿਰਾਇਆ (ਸਮੇਤ GST) ਸਤੰਬਰ ਮਹੀਨੇ ਦੀ 25 ਤੋਂ 30 ਤਾਰੀਖ (ਜਾਂ ਅਖੀਰਲੇ ਕੰਮ

ਵਾਲੇ ਦਿਨ ਤੱਕ) ਜਮ੍ਹਾਂ ਕਰਵਾਏਗਾ। ਜੇਕਰ ਠੇਕੇਦਾਰ ਵੱਲੋਂ ਇਸ ਦਰਮਿਆਨ ਕਿਰਾਇਆ (ਸਮੇਤ GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਅਕਤੂਬਰ ਮਹੀਨੇ ਦੀ 15 ਤਾਰੀਖ ਤੱਕ (ਜਾਂ ਕੰਮ ਵਾਲੇ ਦਿਨ ਤੱਕ) ਉਸ ਨੂੰ ਕਿਰਾਇਆ (ਸਮੇਤ GST) 10% Penalty ਨਾਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਠੇਕੇਦਾਰ ਵੱਲੋਂ ਫਿਰ ਵੀ ਕਿਰਾਇਆ (ਸਮੇਤ GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਠੇਕਾ ਰੱਦ ਕਰਨ ਅਤੇ ਜ਼ਮਾਨਤੀ ਰਕਮ ਜ਼ਬਤ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ । ਇਹ ਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗੀ।

13. ਦੁਕਾਨਾਂ ਦੇ ਠੇਕੇਦਾਰ ਕਿਰਾਏ ਅਤੇ ਬਿਜਲੀ ਦੇ ਬਿੱਲ ਤੋਂ ਇਲਾਵਾ ਨਿਯਮਾਂ ਅਨੁਸਾਰ GST ਅਤੇ ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਦੇਣ ਦੇ ਪਾਬੰਦ ਹੋਣਗੇ।
14. ਦੁਕਾਨਾਂ ਵਿਚ ਬਿਜਲੀ ਦੇ ਮੀਟਰ ਠੇਕੇਦਾਰ ਵੱਲੋਂ ਆਪਣੇ ਪੱਧਰ ਅਤੇ ਖਰਚੇ ਤੇ ਲਗਵਾਏ ਜਾਣਗੇ ਅਤੇ ਇਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਵੀ ਠੇਕੇਦਾਰ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇਗੀ ।
15. ਦੁਕਾਨਾਂ ਦੇ ਠੇਕੇਦਾਰਾਂ ਵੱਲੋਂ ਯੂਨੀਵਰਸਿਟੀ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਪਾਈ ਸਬੰਧਿਤ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਜ਼ਮਾਨਤੀ ਰਕਮ ਵਿੱਚੋਂ ਕੀਤੀ ਜਾਵੇਗੀ।
16. ਸਰਵਿਸ ਸਟਾਫ ਦੀ ਉਮਰ 14 ਸਾਲਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ।
17. ਦੁਕਾਨਾਂ ਦੇ ਅਲਾਟੀਆਂ ਵਲੋਂ ਆਪਣੇ ਪੱਧਰ ਅਤੇ ਖਰਚੇ ਤੇ ਸਾਰੇ ਸਟਾਫ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
18. ਦੁਕਾਨਾਂ ਦਾ ਸਾਰਾ ਸਟਾਫ ਸਾਫ ਸੁਥਰੇ ਕਪੜੇ ਪਾਉਣਗੇ।
19. ਅਲਾਟੀ ਦੁਕਾਨਾਂ ਨੂੰ ਸਾਫ ਸੁਥਰਾ ਰੱਖਣਗੇ।
20. ਹਰੇਕ ਅਲਾਟੀ ਨੂੰ ਦੁਕਾਨ ਤੇ ਖੁਦ ਬੈਠਣਾ ਲਾਜ਼ਮੀ ਹੋਵੇਗਾ।
21. ਦੁਕਾਨਾਂ ਦੇ ਠੇਕੇਦਾਰ ਨੂੰ ਇਸ ਨੂੰ ਅੱਗੇ sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
22. ਠੇਕੇਦਾਰਾਂ ਨੂੰ "ਬਗੈਰ ਕਾਰਨ ਦੱਸੇ" ਇਕ ਹਫਤੇ ਦਾ ਨੋਟਿਸ ਦਿੰਦੇ ਹੋਏ ਦੁਕਾਨ ਖਾਲੀ ਕਰਵਾਉਣ ਦੀ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ।
23. ਜਿਸ ਵੀ ਠੇਕੇਦਾਰ ਨੂੰ ਦੁਕਾਨ ਦੀ ਅਲਾਟਮੈਂਟ ਕੀਤੀ ਜਾਵੇਗੀ ਅਤੇ ਅਲਾਟਮੈਂਟ ਦੇ ਸਮੇਂ ਦੌਰਾਨ ਜੇਕਰ ਕੋਈ ਕਿਸੇ ਤਰ੍ਹਾਂ ਦਾ ਵਿਵਾਦ ਪੈਦਾ ਹੁੰਦਾ ਹੈ ਤਾਂ ਇਸ ਝਗੜੇ ਦਾ ਹੱਲ ਕਰਨ ਦਾ ਅਧਿਕਾਰ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਪਾਸ ਹੋਵੇਗਾ ਜਿਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਦੋਨਾਂ ਪਾਰਟੀਆਂ ਨੂੰ ਮੰਨਣਾ ਜਰੂਰੀ ਹੋਵੇਗਾ। ਜੇਕਰ ਕਿਸੇ ਵੀ ਤਰ੍ਹਾਂ ਦਾ ਕੋਈ ਕਾਨੂੰਨੀ ਵਿਵਾਦ ਪੈਂਦਾ ਹੈ ਤਾਂ ਇਹ ਵਿਵਾਦ ਜਿਲ੍ਹਾ ਅੰਮ੍ਰਿਤਸਰ ਦੀਆਂ ਅਦਾਲਤਾਂ ਦੇ ਹਦੂਦ ਅੰਦਰ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ ਅੰਦਰ ਹੀ ਸੁਲਝਾਉਣਾ ਜਰੂਰੀ ਹੋਵੇਗਾ।

*ਨੋਟ: ਜਿਸ ਉਮੀਦਵਾਰ ਨੂੰ ਮੈਸ ਦੀ ਅਲਾਟਮੈਂਟ ਕਮੇਟੀ ਵੱਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖਿਆਂ ਸ਼ਰਤਾਂ 25/- ਰੁਪਏ ਦੇ ਅਸ਼ਟਾਮ ਤੇ ਮੈਜਿਸਟਰੇਟ ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਤਿਆਰ ਕਰਵਾ ਕੇ ਸਬੰਧਿਤ ਹੋਸਟਲ/ਡੀਨ ਵਿਦਿਆਰਥੀ ਭਲਾਈ ਦਫਤਰ ਵਿਚ ਜਮ੍ਹਾਂ ਕਰਵਾਏਗਾ।*

ਡੀਨ ਵਿਦਿਆਰਥੀ ਭਲਾਈ